NSW HEALTH

Punjabi
August 2004
[DOH-7260]

# ਮਰੀਜ਼ਾਂ ਲਈ ਲੁਕਵੀਂ ਜਾਣਕਾਰੀ ਬਾਰੇ ਪਤ੍ਰਿਕਾ
## Privacy Leaflet for Patients

### ਸਾਡੀਆਂ ਜ਼ਿੰਮੇਵਾਰੀਆਂ

ਐਨ ਐਸ ਡਬਲਿਊ ਜਨ ਸਿਹਤ ਸੇਵਾ ਮਰੀਜ਼ ਦੀ ਲੁਕਵੀਂ ਜਾਂ ਨਿਜੀ ਜਾਣਕਾਰੀ ਦੀ ਸੁਰੱਖਿਆ ਕਰਨ ਪ੍ਰਤੀ ਵਚਨਬੱਧ ਹੈ ਅਤੇ ਉਸ ਨੇ ਹੈਲਥ ਰਿਕੌਰਡਜ਼ ਐਂਡ ਇਨਫੌਰਮੇਸ਼ਨ ਪਰਾਈਵੇਸੀ ਐਕਟ 2002 (Health Records and Information Privacy Act 2002) ਤਹਿਤ ਆਪਣੇ ਫ਼ਰਜ਼ਾਂ ਦੀ ਪਾਲਣਾ ਕਰਨ ਸਬੰਧੀ ਕਦਮ ਚੁਕੇ ਹਨ ।

ਇਸ ਲੀਫਲੈਟ ਵਿੱਚ ਇਹ ਵੇਰਵਾ ਦਰਜ ਹੈ ਕਿ ਤੁਹਡੇ ਬਾਰੇ ਕਿਹੜੀ ਨਿਜੀ ਜਾਣਕਾਰੀ ਰੱਖੀ ਜਾਂਦੀ ਹੈ, ਤੁਸੀਂ ਇਸ ਜਾਣਕਾਰੀ ਤੱਕ ਕਿਵੇਂ ਪਹੁੰਚ ਸਕਦੈ ਹੋ ਅਤੇ ਤੁਹਾਡੀ ਨਿਜੀ ਜਾਣਕਾਰੀ ਕਿਹੜੇ ਕਿਹੜੇ ਮੰਤਵਾਂ ਲਈ ਵਰਤੀ ਜਾਂਦੀ ਹੈ ਅਤੇ ਜ਼ਾਹਿਰ ਕੀਤੀ ਜਾਂਦੀ ਹੈ । ਤੁਹਾਡੀ ਨਿਜੀ ਜਾਣਕਾਰੀ ਵਿੱਚ ਤੁਹਾਡੇ ਨਿਜੀ ਵੇਰਵੇ ਅਤੇ ਤੁਹਾਡੇ ਇਲਾਜ ਨਾਲ ਸਬੰਧਤ ਤੁਹਾਡੀ ਨਿਜੀ ਸਿਹਤ ਜਾਣਕਾਰੀ ਸ਼ਾਮਲ ਹੁੰਦੀ ਹੈ ।

### ਜਾਣਕਾਰੀ ਇਕੱਠੀ ਕਰਨਾ

ਤੁਹਾਡਾ ਇਲਾਜ ਕਰਨ ਲਈ ਅਤੇ ਤੁਹਾਨੂੰ ਸਹੀ ਸਲਾਹ ਦੇਣ ਵਾਸਤੇ ਅਸੀਂ ਤੁਹਾਡੀ ਨਿਜੀ ਜਾਣਕਾਰੀ ਇਕੱਠੀ ਕਰਦੇ ਹਾਂ । ਇਲਾਜ ਦੌਰਾਨ ਟੈਸਟਾਂ ਦੇ ਨਤੀਜੇ ਅਤੇ ਹੋਰ ਜਾਣਕਾਰੀ ਇਕੱਠੀ ਕਰਕੇ ਤੁਹਾਡੇ ਸਿਹਤ ਰਿਕਾਰਡ ਵਿੱਚ ਹੀ ਰੱਖੀ ਜਾਂਦੀ ਹੈ । ਅਸੀਂ ਕੇਵਲ ਉਹੀ ਜਾਣਕਾਰੀ ਇਕੱਠੀ ਕਰਦੇ ਹਾਂ ਜੋ ਤੁਹਾਡੇ ਇਲਾਜ ਲਈ ਲੋੜੀਦੀ ਹੁੰਦੀ ਹੈ ਅਤੇ ਸਿਹਤ ਸੇਵਾ ਸੰਚਾਲਨ ਵਿਚ ਕੰਮ ਆਉਦੀ ਹੈ ।

ਜਦੋ ਵੀ ਕਦੇ ਮੁਮਕਿਨ ਹੁੰਦਾ ਹੈ, ਅਸੀਂ ਤੁਹਾਡੇ ਬਾਰੇ ਜਾਣਕਾਰੀ ਸਿੱਧੀ ਤੁਹਾਡੇ ਤੋਂ ਹੈ ਲੈਦੇ ਹਾਂ । ਅਸੀਂ ਉਨ੍ਹਾਂ ਹੋਰ ਡਾਕਟਰਾਂ ਤੋਂ ਵੀ ਜਾਣਕਾਰੀ ਲੈ ਸਕਦੇ ਹਾਂ, ਜਿਨ੍ਹਾਂ ਨੇ ਤੁਹਾਡਾ ਇਲਾਜ ਕੀਤਾ ਹੈ । ਹੰਗਾਮੀ ਹਾਲਾਤ ਵਿੱਚ ਅਸੀਂ ਤੁਹਾਡੇ ਪਰਿਵਾਰਕ ਮੈਂਬਰ, ਦੋਸਤ, ਦੇਖਭਾਲ ਕਰਨ ਵਾਲੇ ਜਾਂ ਕਿਸੇ ਹੋਰ ਅਜਿਹੇ ਵਿਅਕਤੀ ਤੋਂ ਵੀ ਅਜਿਹੀ ਜਾਣਕਾਰੀ ਲੈ ਸਕਦੇ ਹਾਂ, ਜੋ ਬਿਹਤਰੀਨ ਢੰਗ ਨਾਲ ਤੁਹਾਡਾ ਇਲਾਜ ਕਰਨ ਵਿਚ ਮਦਦ ਕਰ ਸਕੇ ।

ਤੂਹਾਡੇ ਬਾਰੇ ਇਕੱਠੀ ਕੀਤੀ ਜਾਣਕਾਰੀ ਕਾਗਜ਼ ਅਤੇ ਇਲੈਕਟਰਾਨਿੱਕ ਫਾਇਲਾਂ ਵਿੱਚ ਰੱਖੀ ਜਾਵੇਗੀ ।
ਤੁਹਾਡੇ ਬਾਰੇ ਇਕੱਠੀ ਕੀਤੀ ਜਾਣਕਾਰੀ ਨੂੰ ਮਹਿਫ਼ੂਜ਼ ਰੱਖਣ ਲਈ ਵੀ ਅਸੀਂ ਹਰ ਸੰਭਵ ਕਦਮ ਚੁਕਦੇ ਹਾਂ । ਕਾਨੂੰਨ ਮੁਤਾਬਕ ਅਸੀਂ ਰਿਕਾਰਡ ਅਤੇ ਸਹੂਲਤ ਦੀ ਕਿਸਮ ਉਤੇ ਨਿਰਭਰ ਕਰਦਿਆਂ ਨਿਸਚਿਤ ਸਮੇ ਦੇ ਸਿਹਤ ਰਿਕਾਰਡ ਰੱਖਣੇ ਹੁੰਦੇ ਹਨ । ਸਾਡੇ ਕੋਲ ਅਜਿਹੇ ਸਿਸਟਮ ਅਤੇ ਨੀਤੀਆਂ ਹਨ ਜਿਨ੍ਹਾਂ ਨਾਲ ਤੁਹਾਡੀ ਜਾਣਕਾਰੀ ਨੂੰ ਖਰਾਬ ਹੋਣ ਤੋਂ ਬਚਾਇਆ ਜਾ ਸਚਦਾ ਹੈ ਤਾਂ ਜੋ ਕੋਈ ਵੀ ਅਣਅਧਿਕਾਰਤ ਵਿਅਕਤੀ ਇਸ ਤਕ ਪਹੁੰਚ ਨਾ ਕਰ ਸਕੇ ਅਤੇ ਨਾ ਹੀ ਇਸ ਜਾਣਕਾਰੀ ਦੀ ਕਿਸੇ ਵੀ ਤਰ੍ਹਾਂ ਦੁਰਵਰਤੋ ਹੋਣ ਦਿੱਤੀ ਜਾਂਦੀ ਹੈ ।

ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਬਾਰੇ ਨਿਸਚਿਤ ਜਾਣਕਾਰੀ ਸੰਭਾਲ ਕੇ ਨਾ ਰੱਖੀ ਜਾਵੇ, ਤਾਂ ਤੁਸੀਂ ਸਾਨੂੰ ਦੱਸੋ ਅਤੇ ਅਸੀਂ ਤੁਹਾਡੇ ਨਾਲ ਵਿਚਾਰ ਵਟਾਂਦਰਾ ਕਰਾਂਗੇ ਕਿ ਤੁਹਾਡੀ ਸਿਹਤ-ਸੰਭਾਲ ਨਾਲ ਸਬੰਧਤ ਇਸਦੇ ਕੀ ਨਤੀਜੇ ਨਿਕਲ ਸਕਦੇ ਹਨ ।

### ਉਪਯੋਗ ਅਤੇ ਇੰਕਸ਼ਾਫ

ਕਾਨੂੰਨ ਮੁਤਾਬਿਕ ਸ਼ਾਰੇ ਸਿਹਤ ਕਰਮਚਾਰੀ ਤੁਹਾਡੀ ਜਾਣਕਾਰੀ ਨੂੰ ਸਿੱਧਾ ਤੁਹਾਡੇ ਇਲਾਜ ਲਈ ਹੀ ਵਰਤ ਸੱਕਣਗੇ ਅਤੇ ਇਸ ਨੂੰ ਮਹਿਫ਼ੂਜ਼ ਰੱਖਣ ਦੀ ਹਰ ਤਰ੍ਹਾਂ ਦੀ ਕੋਸ਼ਿਸ਼ ਕੀਤੀ ਜਾਵੇਗੀ । ਸਿਹਤ ਕਰਮਚਾਰੀ ਤੁਹਾਡੀ ਨਿੱਜੀ ਸਿਹਤ ਜਾਣਕਾਰੀ ਨੂੰ ਕੇਵਲ ਤੁਹਾਡੇ ਇਲਾਜ ਲਈ ਹੀ ਵਰਤਣਗੇ ਅਤੇ ਤੁਹਾਡੇ ਚੱਲ ਰਹੇ ਇਲਾਜ ਲਈ ਤੁਸੀਂ ਖੁਦ ਵੀ ਇਹੀ ਚਾਹੋਗੇ । ਤੁਹਾਡੀ ਸਿਹਤ ਸਬੰਧਿਤ ਇਹ ਜਾਣਕਾਰੀ ਸਿਰਫ ਉਨ੍ਹਾ ਸਿਹਤ ਕਰਮਚਾਰੀਆਂ ਨਾਲ ਹੀ ਸਾਂਝੀ ਕੀਤੀ ਜਾਵੇਗੀ ਜਿਹੜੇ ਤੁਹਾਡਾ ਇਲਾਜ ਕਰਦੇ ਹਨ ਤਾਂ ਜੋ ਉਹ ਤੁਹਾਡਾ ਇਲਾਜ ਅਤੇ ਸੇਵਾ ਸੰਭਾਲ ਬਿਹਤਰ ਤਰੀਕੇ ਨਾਲ ਕਰ ਸੱਕਣ । ਇਸ ਵਿੱਚ ਤੁਹਾਡੇ ਬਾਰੇ ਜਾਣਕਾਰੀ, ਤੁਹਾਡੇ ਮਨੋਨੀਤ ਜੀ ਪੀ, ਨੂੰ ਭੇਜੀ ਜਾਵੇਗੀ । ਜੇ ਤੁਸੀਂ ਐਸਾ ਨਾਂ ਚਾਹੋ ਤਾਂ ਤੁਸੀਂ ਇਸ ਦੀ ਮਨਾਹੀ ਕਰ ਸਕਦੇ ਹੋ । ਲੋੜ ਪੈਣ ਤੇ ਇਹ ਜਾਣਕਾਰੀ ਤੁਹਾਡਾ ਇਲਾਜ ਕਰਨ ਵਾਲੀ ਸਿਹਤ ਸੇਵਾ ਜਾਂ ਹਸਪਤਾਲ ਨੂੰ ਵੀ ਭੇਜੀ ਜਾ ਸਕਦੀ ਹੈ, ਜਾਂ Ambulance Service of NSW ਨੂੰ , ਕਿਸੇ ਮਾਹਿਰ ਡਾਕਟਰ, ਪੈਥੋਲਜੀ ਟੇਸਟਾਂ, ਐਕਸ-ਰੇਅ ਆਦਿ ਲਈ ।

ਅਧਿਸੂਚਨਾਯੋਗ ਰੋਗਾਂ ਦੀ ਰਿਪੋਰਟਿੰਗ ਅਤੇ ਅੰਕੜਿਆਂ ਨਾਲ ਸਬੰਧਿਤ ਕਾਨੂੰਨਾਂ ਦੀ ਪਾਲਣਾ ਤਹਿਤ ਰਾਜ ਅਤੇ ਕਾਮਨਵੈਲਥ ਸਰਕਾਰੀ ਏਜੰਸੀਆਂ ਨੂੰ ਰੋਗੀਆਂ ਬਾਰੇ ਜਾਣਕਾਰੀ ਜ਼ਾਹਿਰ ਕਰਨੀ ਹੁੰਦੀ ਹੈ, ਜਿਵੇ ਜਨਮ ਅਤੇ ਮੌਤ ਦੇ ਪੰਜੀਕਰਣ । ਜੇ ਅਦਾਲਤ ਵਲੋ ਤੁਹਾਡੀ ਨਿਜੀ ਜਾਣਕਾਰੀ ਮੰਗੀ ਜਾਵੇ, ਤਾਂ ਇਸ ਨੂੰ ਗਵਾਹੀ ਦੇ ਤੌਰ ਉਤੇ ਵੀ ਵਰਤਿਆ ਜਾ ਸਕਦਾ ਹੈ ।

ਸੁਰੱਖਿਆ ਅਤੇ ਗੁਣਵੱਤਾ ਵਿੱਚ ਸੁਧਾਰ ਲਈ ਕੀਤੀਆ ਜਾਣ ਵਾਲੀਆਂ ਪਹਿਲਕਦਮੀਆਂ ਐਨ ਐਸ ਡਬਲਿਊ ਦੀ ਸਿਹਤ ਸੇਵਾ ਦੇ ਪ੍ਰਚਾਲਨ ਲਈ ਮਰੀਜ਼ ਦੀ ਜਾਣਕਾਰੀ ਨੂੰ ਅਸੀਂ ਕਾਨੂੰਨੀ ਰਿਪੋਰਟਿੰਗ ਅਤੇ ਹੋਰ ਮੰਤਵਾਂ ਲਈ ਵਰਤ ਜਾਂ ਜ਼ਾਹਿਰ ਕਰ ਸਕਦੇ ਹਾਂ । ਜਿੱਥੇ ਵੀ ਵਾਜਬ ਹੋਵੇ, ਅਸੀਂ ਮਰੀਜ਼ ਦੀ ਜਾਣਕਾਰੀ, ਮੈਡੀਕੇਅਰ (Medicare), ਨਿਜੀ ਸਿਹਤ ਫੰਡਾਂ ਜਾਂ ਬਜ਼ੁਰਗਾਂ ਦੇ ਮਾਮਲਿਆਂ ਬਾਰੇ ਵਿਭਾਗ (Department of Veteran Affairs) ਜਾਂ Australian Council on Healthcare Standards ਜਾਂ ਕਿਸੇ ਹੋਰ ਸੇਵਾ ਨੂੰ ਦੇ ਸਕਦੇ ਹਾਂ ।
ਅਸੀਂ ਤੁਹਾਡੀ ਜਾਣਕਾਰੀ ਨੂੰ ਮਰੀਜ਼ ਸੰਤੁਸ਼ਟੀ ਸਰਵੇਖਣਾਂ ਸਬੰਧੀ ਵੀ ਵਰਤ ਸਕਦੇ ਹਾਂ, ਤਾਂ ਜੋ ਅਸੀਂ ਆਪਣੀਆਂ ਸੇਵਾਵਾਂ ਦਾ ਜ਼ਾਇਜ਼ਾ ਲੈ ਕੇ ਉਨ੍ਹਾਂ ਵਿੱਚ ਸੁਧਾਰ ਕਰ ਸਕੀਏ ।
ਅਸੀਂ ਤੁਹਾਡੀ ਜਾਣਕਾਰੀ ਨੂੰ ਗੁਪਤਤਾ ਕਾਨੂੰਨ ਤਹਿਤ ਜਾਰੀ ਵੈਧਾਨਿਕ ਨਿਰਦੇਸ਼ਾਂ ਅਨੁਸਾਰ ਨਿਮਨਲਿਖਤ ਮੰਤਵਾਂ ਲਈ ਵਰਤ ਸਕਦੇ ਹਾਂ ਜਾਂ ਜ਼ਾਹਿਰ ਕਰ ਸਕਦੇ ਹਾਂ :

- ਮੱਨੁਖੀ ਖੋਜ ਅਤੇ ਨੈਤਿਕ ਕਮੇਟੀ ਵੱਲੋਂ ਮਨਜ਼ੂਰਸ਼ੁਦਾ, ਸਖਤ ਪ੍ਰੋਟੋਕੋਲ ਦੀ ਪਾਲਣਾ ਕਰਨ ਵਾਲੇ ਜਨ ਹਿਤ ਖੋਜ ਪ੍ਰਾਜੈਕਟਾਂ ਲਈ
- ਸਟਾਫ ਅਤੇ ਵਿਦਿਆਰਥੀ ਸਿਖਲਾਈ ਉਦੇਸ਼ਾਂ ਲਈ
- ਸਿਹਤ ਸੇਵਾ ਗਤੀਵਿਧੀਆਂ ਲਈ ਹੋਰ ਯੋਜਨਾਬੰਦੀ, ਵਿੱਤੀ ਜਾਂ ਪ੍ਰਬੰਧਨ ਦੇ ਮੰਤਵਾਂ ਲਈ

ਵੈਧਾਨਿਕ/ਕਾਨੂੰਨੀ ਨਿਰਦੇਸ਼ ਇਹ ਯਕੀਨੀ ਬਣਾਉਂਦੇ ਹਨ ਕਿ ਇਨ੍ਹਾਂ ਮੰਤਵਾਂ ਲਈ ਜਿਥੇ ਤੁਹਾਡੀ ਜਾਣਕਾਰੀ ਲੋੜੀਦੀ ਹੈ ਅਤੇ ਜਿਥੇ ਤੁਹਾਡੀ ਮਨਜ਼ੂਰੀ ਨਹੀਂ ਲਈ ਜਾ ਸਕਦੀ, ਤਾਂ ਅਜਿਹੇ ਮਾਮਲਿਆਂ ਵਿੱਚ ਨਿਜੀ ਜਾਣਕਾਰੀ ਦੀ ਘੱਟ ਤੋਂ ਘੱਟ ਮਾਤਰਾ ਵਰਤੀ ਜਾਂਦੀ ਹੈ ਅਤੇ ਉਸਦੀ ਵਰਤੋਂ ਸਖਤ ਮਾਪਦੰਡਾਂ ਅਨੁਸਾਰ ਹੀ ਕੀਤੀ ਜਾਂਦੀ ਹੈ ।
ਉਪਰੋਕਤ ਨੂੰ ਛੱਡ ਕੇ ਹੋਰਨਾਂ ਮੰਤਵਾਂ, ਜਿਵੇ ਕਿ ਫੰਡ ਵਧਾਉਣ ਦੀਆਂ ਗਤੀਵਿਧੀਆਂ, ਲਈ ਮਰੀਜ਼ ਦੀ ਜਾਣਕਾਰੀ ਨੂੰ ਵਰਤਣ ਤੋਂ ਪਹਿਲਾਂ ਅਸੀਂ ਤੁਹਾਡੀ ਇਜਾਜਤ ਲਵਾਂਗੇ ।

**ਤੁਹਾਡੀ ਜਾਣਕਾਰੀ ਤੱਕ ਪਹੁੰਚ**

ਐਨ ਐਸ ਡਬਲਿਊ ਵਿੱਚ ਸਿਹਤ ਸੇਵਵਾਂ ਕੋਲ ਮੌਜੂਦ ਆਪਣੇ ਸਿਹਤ ਰਿਕਾਰਡ ਸਮੇਤ ਤੁਸੀਂ ਆਪਣੀ ਸਾਰੀ ਨਿਜੀ ਜਾਣਕਾਰੀ ਤੱਕ ਪਹੁੰਚ ਕਰਨ ਦੀ ਬੇਨਤੀ ਕਰਨ ਦੇ ਹੱਕਦਾਰ ਹੋ । ਆਮ ਤੌਰ ਉਤੇ ਤੁਹਾਨੂੰ ਆਪਣੀ ਜਾਣਕਾਰੀ ਤੱਕ ਪਹੁੰਚ ਕਰਨ ਲਈ ਲਿਖਤੀ ਬਿਨੈ-ਪੱਤਰ ਅਤੇ ਆਪਣੀ ਸ਼ਨਾਖਤ ਦੇਣ ਲਈ  ਕਿਹਾ ਜਾਵੇਗਾ । ਜੇ ਤੁਸੀਂ ਆਪਣੇ ਮੈਡੀਕਲ ਰਿਕਾਰਡ ਜਾਂ ਨਿਜੀ ਜਾਣਕਾਰੀ ਦੀਆਂ ਕਾਪੀਆਂ ਲੈਣ ਲਈ ਬੇਨਤੀ ਕੀਤੀ ਹੈ ਤਾਂ ਤੁਹਾਡੇ ਤੋਂ ਫੀਸ ਵੀ ਲਈ ਜਾ ਸਕਦੀ ਹੈ ।

ਖਾਸ ਹਾਲਾਤ ਵਿੱਚ ਤੁਹਾਡੀ ਨਿਜੀ ਜਾਣਕਾਰੀ ਤੱਕ ਪਹੁੰਚ ਤੋਂ ਇਨਕਾਰ ਵੀ ਕੀਤਾ ਜਾ ਸਕਦਾ ਹੈ ਜਿਵੇ ਕਿ ਜੇ ਜਾਣਕਾਰੀ ਦੇਣ ਨਾਲ ਤੁਹਾਨੂੰ ਜਾਂ ਹੋਰ ਵਿਅਕਤੀ ਨੂੰ ਖਤਰਾ ਪੈਦਾ ਹੁੰਦਾ ਹੋਵੇ ।
ਜੇ ਤੁਹਾਨੂੰ ਇਹ ਯਕੀਨ ਹੈ ਕਿ ਸਾਡੇ ਕੋਲ ਮੌਜੂਦ ਜਾਣਕਾਰੀ ਠੀਕ ਨਹੀਂ ਅਤੇ ਉਸ ਵਿੱਚ ਕੋਈ ਗਲਤੀ ਹੈ, ਤਾਂ ਇਸ ਬਾਰੇ ਸਾਨੂੰ ਦਸੋ, ਅਤੇ ਇਸ ਜਾਣਕਾਰੀ ਨੂੰ ਅਸੀਂ ਠੀਕ ਕਰਾਂਗੇ । ਜੇ ਸਾਨੂੰ ਯਕੀਨ ਹੋਵੇ ਕਿ ਜਾਣਕਾਰੀ ਠੀਕ ਹੈ, ਤਾਂ ਤੁਸੀਂ ਬੇਨਤੀ ਕਰ ਸਕਦੇ ਹੋ ਕਿ ਤੁਹਾਡੇ ਵਿਚਾਰ ਰਿਕਾਰਡ ਉਤੇ ਨੋਟ ਕੀਤੇ ਜਾਣ ।

ਆਪਣੇ ਸਿਹਤ ਰਿਕਾਰਡ ਤੱਕ ਪਹੁੰਚ ਕਰਨ ਲਈ ਜਾਂ ਉਸ ਵਿੱਚ ਕਿਸੇ ਪ੍ਰਕਾਰ ਦੀ ਸੋਧ ਲਈ ਆਪਣੀ ਸਿਹਤ ਸੇਵਾ ਦੇ ਸਿਹਤ ਰਿਕਾਰਡ ਵਿਭਾਗ ਨੂੰ ਬਿਨੈ-ਪੱਤਰ ਲਿਖੋ  ਜਾਂ ਸਿਹਤ ਸੇਵਾ ਪ੍ਰਦਾਨ ਕਰਨ ਵਾਲੀ ਸੰਸਥਾ ਦੇ ਜਨਰਲ ਮੈਨੇਜਰ ਨੂੰ ਲਿਖੋ ।

**ਸਾਡੇ ਨਾਲ ਸੰਪਰਕ ਕਰੋ**

ਆਪਣੀ ਨਿਜੀ ਜਾਣਕਾਰੀ ਦੀ ਗੁਪਤਤਾ ਬਾਰੇ ਜੇ ਤੁਹਾਡੇ ਕੋਈ ਸੁਆਲ ਹਨ, ਜਾਂ ਕੋਈ ਸ਼ਿਕਾਇਤ ਹੈ, ਤਾਂ ਕਿਰਪਾ ਕਰਕੇ ਸੰਪਰਕ ਕਰੋ :

---

Insert Area Health Service contact

---

ਲੋੜ ਹੋਣ ਤੇ ਜਾਣਕਾਰੀ ਦੁਭਾਸ਼ੀਏ ਦੀ ਮਦਦ ਨਾਲ ਦਿਤੀ ਜਾ ਸਕਦੀ ਹੈ । ਇਹ ਸੇਵਾ ਮੁਫਤ ਅਤੇ ਗੁਪਤ ਹੈ